# ਅੰਗ ਅਤੇ ਟਿਸ਼ੂ ਦਾਨ ਨਾਲ ਸੰਬੰਧਤ ਕਾਨੂੰਨ ਪਤਝੜ 2020 ਵਿੱਚ ਬਦਲ ਰਿਹਾ ਹੈ - ਇਹ ਤੱਥ ਸ਼ੀਟ ਤੁਹਾਡੇ ਵਿਕਲਪਾਂ ਦਾ ਵਰਣਨ ਕਰਦੀ ਹੈ।

## ਸਕਾਟਲੈਂਡ ਵਿੱਚ ਦਾਨ ਬਾਰੇ ਕਾਨੂੰਨ ਕਿਉਂ ਬਦਲ ਰਿਹਾ ਹੈ?

ਸਕਾਟਲੈਂਡ ਵਿੱਚ, 550 ਤੋਂ ਵੱਧ ਲੋਕ ਕਿਸੇ ਵੀ ਸਮੇਂ ਅੰਗ ਟ੍ਰਾਂਸਪਲਾਂਟ ਦੀ ਉਡੀਕ ਕਰ ਰਹੇ ਹਨ, ਇਸ ਲਈ ਇਹ ਮਹੱਤਵਪੂਰਨ ਹੈ ਕਿ ਅਸੀਂ ਟ੍ਰਾਂਸਪਲਾਂਟ ਦੀ ਉਡੀਕ ਸੂਚੀ ਵਿੱਚ ਸ਼ਾਮਲ ਲੋਕਾਂ ਦੀ ਜ਼ਿੰਦਗੀ ਨੂੰ ਬਚਾਉਣ ਅਤੇ ਉਨ੍ਹਾਂ ਨੂੰ ਬਿਹਤਰ ਬਣਾਉਣ ਲਈ ਉਹ ਹਰ ਇੱਕ ਚੀਜ਼ ਕਰੀਏ ਜੋ ਅਸੀਂ ਕਰ ਸਕਦੇ ਹਾਂ।

ਸਾਲ 2018 ਵਿੱਚ, ਸਕਾਟਲੈਂਡ ਵਿੱਚ 58,000 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਪਰ 1% ਤੋਂ ਘੱਟ ਦੀ ਮੌਤ ਉਨ੍ਹਾਂ ਹਾਲਤਾਂ ਵਿੱਚ ਜਾਂ ਅਜਿਹੀਆਂ ਸਥਿਤੀਆਂ ਤੋਂ ਹੋਈ ਸੀ ਜਿਸ ਦਾ ਮਤਲਬ ਹੈ ਕਿ ਉਨ੍ਹਾਂ ਦੇ ਅੰਗਾਂ ਨੂੰ ਟ੍ਰਾਂਸਪਲਾਂਟ ਕਰਨ ਲਈ ਵਿਚਾਰਿਆ ਜਾ ਸਕਦਾ ਸੀ।

## ਤਬਦੀਲੀ ਕਿਸ ਵਿੱਚ ਹੋ ਰਹੀ ਹੈ?

ਟ੍ਰਾਂਸਪਲਾਂਟ ਕਰਨ ਦੇ ਉਦੇਸ਼ਾਂ ਲਈ ਕਾਨੂੰਨ 'ਮੰਨੀ ਪ੍ਰਮਾਣਿਕਤਾ' ਦੀ ਇੱਕ ਨਵੀਂ ਪ੍ਰਣਾਲੀ ਨੂੰ ਪੇਸ਼ ਕਰਨ ਲਈ ਬਦਲ ਰਿਹਾ ਹੈ। ਇਸ ਨੂੰ ਆਮ ਤੌਰ 'ਤੇ 'ਵੱਖ ਹੋਣਾ' (opt out) ਪ੍ਰਣਾਲੀ ਕਿਹਾ ਜਾਂਦਾ ਹੈ।

ਇਸ ਦਾ ਮਤਲਬ ਇਹ ਹੈ ਕਿ ਜੇ ਤੁਸੀਂ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ ਕਿ ਕੀ ਤੁਸੀਂ ਦਾਨੀ ਬਣਨਾ ਚਾਹੁੰਦੇ ਹੋ – ਉਦਾਹਰਨ ਲਈ NHS ਅੰਗ ਦਾਨ ਰਜਿਸਟਰ ਤੇ ਫੈਸਲੇ ਨੂੰ ਰਿਕਾਰਡ ਕਰਕੇ ਕਾਨੂੰਨ ਮੰਨ ਲਵੇਗਾ ਕਿ ਤੁਸੀਂ ਮਰਨ ਤੇ ਆਪਣੇ ਅੰਗਾਂ ਅਤੇ ਟਿਸ਼ੂਆਂ ਨੂੰ ਦਾਨ ਕਰਨ ਲਈ ਤਿਆਰ ਹੋ ਅਤੇ ਦਾਨ ਲਈ ਤੁਹਾਡਾ ਅਧਿਕਾਰ ਦਿੱਤਾ ਗਿਆ ਮੰਨਿਆ ਜਾ ਸਕਦਾ ਹੈ।

## ਇਹ ਬਦਲਾਅ ਕਿਸ ਨੂੰ ਪ੍ਰਭਾਵਿਤ ਕਰੇਗਾ?

ਇਹ ਸਕਾਟਲੈਂਡ ਵਿਚਲੇ ਜ਼ਿਆਦਾਤਰ ਬਾਲਗਾਂ ਤੇ ਲਾਗੂ ਹੋਵੇਗਾ, ਪਰ ਇਹ ਇਨ੍ਹਾਂ ਸਮੂਹਾਂ ਤੇ ਲਾਗੂ ਨਹੀਂ ਹੋਵੇਗਾ:

- 16 ਸਾਲ ਤੋਂ ਘੱਟ ਉਮਰ ਦੇ ਵਿਅਕਤੀ
- ਉਹ ਲੋਕ ਜਿਨ੍ਹਾਂ ਕੋਲ ਨਵੇਂ ਪ੍ਰਬੰਧਾਂ ਨੂੰ ਸਮਝਣ ਅਤੇ ਲੋੜੀਂਦੀ ਕਾਰਵਾਈ ਨੂੰ ਕਰਨ ਦੀ ਸਮਰੱਥਾ ਦੀ ਘਾਟ ਹੈ
- ਉਹ ਲੋਕ ਜੋ ਆਪਣੀ ਮੌਤ ਤੋਂ ਪਹਿਲਾਂ 12 ਮਹੀਨਿਆਂ ਤੋਂ ਘੱਟ ਸਮੇਂ ਲਈ ਸਕਾਟਲੈਂਡ ਵਿੱਚ ਰਹਿੰਦੇ ਹਨ। ਜੇ ਇਨ੍ਹਾਂ ਸਮੂਹਾਂ ਵਿਚੋਂ ਕਿਸੇ ਇੱਕ ਵਿਅਕਤੀ ਦੀ ਉਸ ਸਥਿਤੀ ਵਿੱਚ ਮੌਤ ਹੋ ਜਾਂਦੀ ਹੈ ਜਿੱਥੇ ਉਹ ਦਾਨ ਕਰ ਸਕਦੇ ਸਨ ਅਤੇ ਉਨ੍ਹਾਂ ਨੇ ਦਾਨ ਕਰਨ ਜਾਂ ਬਾਹਰ ਨਿਕਲਣ ਦੀ ਚੋਣ ਨਹੀਂ ਕੀਤੀ, ਤਾਂ ਪਰਿਵਾਰ ਦੇ ਕਿਸੇ ਮੈਂਬਰ ਤੋਂ ਪੁੱਛਿਆ ਜਾਵੇਗਾ ਕਿ ਕੀ ਉਹ ਦਾਨ ਦਾ ਅਧਿਕਾਰ ਦੇਣਾ ਚਾਹੁੰਦੇ ਹਨ।

## ਮੈਨੂੰ ਕੀ ਕਰਨ ਦੀ ਲੋੜ ਹੈ?

ਜੇ ਤੁਸੀਂ ਪਹਿਲਾਂ ਫੈਸਲਾ ਨਹੀਂ ਕੀਤਾ ਹੈ, ਤਾਂ ਤੁਹਾਨੂੰ ਦਾਨ ਕਰਨ ਬਾਰੇ ਫੈਸਲਾ ਕਰਨਾ ਚਾਹੀਦਾ ਹੈ, ਇਸ ਫੈਸਲੇ ਨੂੰ NHS ਅੰਗ ਦਾਨ ਰਜਿਸਟਰ ਤੇ ਰਿਕਾਰਡ ਕਰਨਾ ਚਾਹੀਦਾ ਹੈ ਅਤੇ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਇਸ ਬਾਰੇ ਜਾਣੂ ਕਰਾਓ ਕਿਉਂਕਿ ਉਹ ਇਸ ਨੂੰ ਮੰਨਣ ਵਿੱਚ ਸਹਾਇਤਾ ਕਰ ਸਕਦੇ ਹਨ।

### ਜੇ ਤੁਸੀਂ ਆਪਣੇ ਅੰਗਾਂ ਅਤੇ ਟਿਸ਼ੂਆਂ ਨੂੰ ਦਾਨ ਕਰਨਾ ਚਾਹੁੰਦੇ ਹੋ

ਤੁਸੀਂ ਆਪਣੇ ਫੈਸਲੇ ਨੂੰ NHS ਅੰਗ ਦਾਨ ਰਜਿਸਟਰ ਤੇ ਰਿਕਾਰਡ ਕਰ ਸਕਦੇ ਹੋ

ਆਨਲਾਈਨ www.organdonationscotland.org/yes ਤੇ

ਜਾਂ **0300 303 2094** ਤੇ ਕਾਲ ਕਰੋ

### ਜੇ ਤੁਸੀਂ ਆਪਣੇ ਅੰਗਾਂ ਅਤੇ ਟਿਸ਼ੂਆਂ ਨੂੰ ਦਾਨ ਨਹੀਂ ਕਰਨਾ ਚਾਹੁੰਦੇ ਹੋ

ਤੁਸੀਂ ਦਾਨ ਨਾ ਦੇਣ ਦੇ ਆਪਣੇ ਫੈਸਲੇ ਨੂੰ NHS ਅੰਗ ਦਾਨ ਰਜਿਸਟਰ ਤੇ ਹੁਣੇ ਰਜਿਸਟਰ ਕਰਕੇ ਬਾਹਰ ਨਿਕਲ ਸਕਦੇ ਹੋ।

ਇੱਥੇ ਆਨਲਾਈਨ: www.organdonationscotland.org/no

ਜਾਂ **0300 303 2094** ਤੇ ਕਾਲ ਕਰੋ

Healthier Scotland
Scottish Government

**ਜੇ ਤੁਸੀਂ ਪਹਿਲਾਂ ਤੋਂ ਹੀ ਰਜਿਸਟਰਡ ਹੋ ਅਤੇ ਇਹ ਕਰਨਾ ਚਾਹੁੰਦੇ ਹੋ**

- **ਆਪਣੇ ਵੇਰਵਿਆਂ ਨੂੰ ਅੱਪਡੇਟ ਕਰਨਾ**
- **ਆਪਣੇ ਫੈਸਲੇ ਦੀ ਮੁੜ-ਪੁਸ਼ਟੀ ਕਰਨਾ**
- **ਜਾਂ ਫੈਸਲਾ ਕੀਤਾ ਹੈ ਕਿ ਤੁਸੀਂ ਹੁਣ ਬਾਹਰ ਨਿਕਲਨਾ ਚਾਹੁੰਦੇ ਹੋ**

ਤੁਸੀਂ ਇੱਥੇ ਇਹ ਕਰ ਸਕਦੇ ਹੋ: www.organdonationscotland.org/update
ਜਾਂ **0300 303 2094** ਤੇ ਕਾਲ ਕਰੋ

## ਜੇ ਮੈਂ ਕੁਝ ਨਾ ਕਰਾਂ ਤਾਂ ਕੀ ਹੁੰਦਾ ਹੈ?

ਇੱਕ ਵਾਰ ਜਦੋਂ ਨਵੀਂ ਪ੍ਰਣਾਲੀ ਲਾਗੂ ਹੋ ਜਾਂਦੀ ਹੈ, ਜੇ ਤੁਸੀਂ ਬਾਹਰ ਕੀਤੇ ਸਮੂਹਾਂ ਵਿਚੋਂ ਕਿਸੇ ਇੱਕ ਵਿੱਚ ਨਹੀਂ ਹੁੰਦੇ ਹੋ ਅਤੇ ਤੁਸੀਂ ਅਜਿਹੀਆਂ ਸਥਿਤੀਆਂ ਵਿੱਚ ਮਰ ਜਾਂਦੇ ਹੋ ਜਿੱਥੇ ਤੁਸੀਂ ਦਾਨ ਕਰ ਸਕਦੇ ਸੀ ਪਰ ਕੋਈ ਫੈਸਲਾ ਰਿਕਾਰਡ ਨਹੀਂ ਕੀਤਾ, ਤਾਂ ਇਹ ਮੰਨ ਲਿਆ ਜਾਵੇਗਾ ਕਿ ਤੁਸੀਂ ਦਾਨੀ ਬਣਨ ਲਈ ਤਿਆਰ ਹੋ। ਜੋ ਵੀ ਤੁਹਾਡਾ ਫੈਸਲਾ ਹੈ ਅਤੇ ਭਾਵੇਂ ਤੁਸੀਂ ਇਸ ਨੂੰ ਰਿਕਾਰਡ ਕਰਦੇ ਹੋ ਜਾਂ ਨਹੀਂ, ਤੁਹਾਡੇ ਪਰਿਵਾਰ ਨੂੰ ਦੱਸਣਾ ਮਹੱਤਵਪੂਰਨ ਹੈ ਕਿ ਤੁਸੀਂ ਕੀ ਚਾਹੁੰਦੇ ਹੋ।

ਜੇ ਇਸ ਬਾਰੇ ਤੁਹਾਡੇ ਕੋਈ ਖਾਸ ਨਿਰਦੇਸ਼ ਹਨ ਕਿ ਤੁਸੀਂ ਕਿਹੜੇ ਅੰਗ ਜਾਂ ਟਿਸ਼ੂ ਦਾਨ ਕਰਨਾ ਚਾਹੁੰਦੇ ਹੋ ਜਾਂ ਨਹੀਂ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੇ ਦਾਨ ਦੇ ਫੈਸਲੇ ਨੂੰ NHS ਅੰਗ ਦਾਨ ਰਜਿਸਟਰ ਤੇ ਰਿਕਾਰਡ ਕਰਦੇ ਸਮੇਂ ਇਹ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ।

## ਜੇ ਮੈਂ ਬਾਹਰ ਨਿਕਲਣ ਦੀ ਚੋਣ ਨਹੀਂ ਕਰਦਾ ਹਾਂ ਤਾਂ ਕੀ ਮੇਰੇ ਅੰਗ ਅਤੇ ਟਿਸ਼ੂ ਸਰਕਾਰ ਦੀ ਜਾਇਦਾਦ ਬਣ ਜਾਣਗੇ?

ਨਹੀਂ। ਅੰਗ ਅਤੇ ਟਿਸ਼ੂ ਦਾਨ ਕਰਨਾ ਮਹਾਨ ਖੁੱਲ੍ਹ-ਦਿਲੀ ਦਾ ਕੰਮ ਹੈ। ਸਿਸਟਮ ਵਿੱਚ ਜਾਂਚਾਂ ਨੂੰ ਬਣਾਇਆ ਗਿਆ ਹੈ ਜੋ ਇਹ ਸੁਨਿਸ਼ਚਿਤ ਕਰਨ ਵਿੱਚ ਸਹਾਇਤਾ ਕਰਨਗੇ ਕਿ ਜੇ ਦਾਨ ਤੁਹਾਡੀਆਂ ਇੱਛਾਵਾਂ ਦੇ ਵਿਰੁੱਧ ਹੈ, ਤਾਂ ਇਹ ਅੱਗੇ ਨਹੀਂ ਵਧੇਗਾ।

## ਤੁਹਾਡੇ ਪਰਿਵਾਰ ਦੀ ਕੀ ਭੂਮਿਕਾ ਹੋਵੇਗੀ ਜੇ ਤੁਸੀਂ ਦਾਨ ਬਾਰੇ ਕੋਈ ਫੈਸਲਾ ਨਹੀਂ ਲਿਆ ਹੈ?

ਅੰਗ ਅਤੇ ਟਿਸ਼ੂ ਦਾਨ ਦੇ ਵਿਕਲਪ ਬਾਰੇ ਵਿਚਾਰ ਕਰਨ ਲਈ ਇੱਕ ਸੰਭਾਵਿਤ ਦਾਨੀ ਦੇ ਪਰਿਵਾਰ ਨਾਲ ਹਮੇਸ਼ਾ ਸੰਪਰਕ ਕੀਤਾ ਜਾਵੇਗਾ। ਇਹ ਇਸ ਨੂੰ ਯਕੀਨੀ ਕਰਨ ਵਿੱਚ ਮਦਦ ਕਰਦਾ ਹੈ ਕਿ NHS ਅੰਗ ਦਾਨ ਰਜਿਸਟਰ ਵਿੱਚ ਦਰਜ ਕੋਈ ਵੀ ਫੈਸਲਾ ਤੁਹਾਡਾ ਬਿਲਕੁਲ ਨਵਾਂ ਜਾਣੂ ਫੈਸਲਾ ਹੈ।

ਜੇ ਤੁਸੀਂ ਕੋਈ ਫੈਸਲਾ ਰਿਕਾਰਡ ਨਹੀਂ ਕੀਤਾ ਹੈ, ਤਾਂ ਤੁਹਾਡੇ ਪਰਿਵਾਰ ਨੂੰ ਤੁਹਾਡੇ ਵਿਚਾਰਾਂ ਬਾਰੇ ਪੁੱਛਿਆ ਜਾਵੇਗਾ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਦਾਨ ਨੂੰ ਅੱਗੇ ਨਾ ਵਧਾਇਆ ਜਾਵੇ ਜੇ ਇਹ ਤੁਹਾਡੀਆਂ ਇੱਛਾਵਾਂ ਦੇ ਵਿਰੁੱਧ ਹੁੰਦਾ ਹੈ।

## ਕੀ ਮੇਰਾ ਪਰਿਵਾਰ ਮੇਰੇ ਫੈਸਲੇ ਨੂੰ ਉਲਟਾ ਸਕਦਾ ਹੈ?

ਜੋ ਵੀ ਤੁਹਾਡਾ ਫੈਸਲਾ ਹੈ ਉਸ ਦਾ ਸਤਿਕਾਰ ਕੀਤਾ ਜਾਵੇਗਾ ਅਤੇ ਤੁਹਾਡੇ ਪਰਿਵਾਰ ਦੁਆਰਾ ਇਸ ਨੂੰ ਉਲਟਾਇਆ ਨਹੀਂ ਜਾ ਸਕਦਾ ਹੈ। ਜੇ ਤੁਸੀਂ ਆਪਣਾ ਮਨ ਬਦਲ ਲਿਆ ਹੈ ਤਾਂ ਤੁਹਾਡੇ ਪਰਿਵਾਰ ਜਾਂ ਨਜ਼ਦੀਕੀ ਦੋਸਤਾਂ ਨੂੰ ਹਮੇਸ਼ਾ ਤੁਹਾਡੇ ਤਾਜ਼ਾ ਵਿਚਾਰਾਂ ਬਾਰੇ ਪੁੱਛਿਆ ਜਾਵੇਗਾ।

## ਅੰਗ ਦਾਨ ਕਰਨ ਤੋਂ ਪਹਿਲਾਂ ਕਿਹੜੀਆਂ ਡਾਕਟਰੀ ਜਾਂਚਾਂ ਹੋ ਸਕਦੀਆਂ ਹਨ?

ਕਿਉਂਕਿ ਮੌਤ ਹੋਣ ਤੋਂ ਤੁਰੰਤ ਬਾਅਦ ਅੰਗ ਦਾਨ ਕਰਨਾ ਹੁੰਦਾ ਹੈ, ਇਸ ਲਈ ਇਹ ਜਾਂਚ ਕਰਨ ਲਈ ਨਿਯਮਿਤ ਤੌਰ ਤੇ ਕੁਝ ਟੈਸਟ ਕੀਤੇ ਜਾਂਦੇ ਹਨ ਕਿ ਪ੍ਰਾਪਤ ਕਰਨ ਵਾਲੇ ਲਈ ਟ੍ਰਾਂਸਪਲਾਂਟ ਕਰਨਾ ਸੁਰੱਖਿਅਤ ਰਹੇਗਾ ਅਤੇ ਇਹ ਸਫਲਤਾ ਦੀ ਸੰਭਾਵਨਾ ਨੂੰ ਵਧਾ ਸਕਦੇ ਹਨ। ਇਨ੍ਹਾਂ ਵਿੱਚ ਆਮ ਤੌਰ ਤੇ ਖ਼ੂਨ ਦੇ ਟੈਸਟ, ਪਿਸ਼ਾਬ ਦੇ ਟੈਸਟ ਅਤੇ ਐਕਸਰੇ ਸ਼ਾਮਲ ਹੁੰਦੇ ਹਨ।

**ਅੰਗ ਅਤੇ ਟਿਸ਼ੂ ਦਾਨ ਕਰਨ ਅਤੇ ਆਪਣੀਆਂ ਚੋਣਾਂ ਬਾਰੇ organdonationscotland.org ਤੇ ਹੋਰ ਲੱਭੋ**

**ਜੇ ਤੁਹਾਨੂੰ ਵੈਬਸਾਈਟ ਤੇ ਉਹ ਚੀਜ਼ ਨਹੀਂ ਮਿਲਦੀ ਜਿਸ ਦੀ ਤੁਹਾਨੂੰ ਲੋੜ ਹੈ ਜਾਂ ਜੇ ਤੁਸੀਂ ਅਜੇ ਵੀ ਬੇ-ਯਕੀਨੀ ਤਹਿਤ ਹੋ ਅਤੇ ਫੈਸਲਾ ਨਹੀਂ ਲੈ ਸਕਦੇ ਹੋ, ਤਾਂ ਕਿਰਪਾ ਕਰਕੇ ਹੋਰ ਜਾਣਕਾਰੀ ਲਈ ਹੈਲਪਲਾਈਨ ਨੂੰ ਕਾਲ ਕਰੋ: 0300 303 2094**

Healthier Scotland
Scottish Government